# Visit of External Affairs Minister to Sri Lanka (January 5-7, 2021)

January 04, 2021

---

## ਵਿਦੇਸ਼ ਮੰਤਰੀ ਵੱਲੋਂ ਸ੍ਰੀ ਲੰਕਾ ਦੀ ਫੇਰੀ (5-7 ਜਨਵਰੀ, 2021)

4 ਜਨਵਰੀ, 2021

ਸ੍ਰੀ ਲੰਕਾ ਦੇ ਵਿਦੇਸ਼ ਮੰਤਰੀ ਮਾਨਯੋਗ ਦਿਨੇਸ਼ ਗੁਣਵਰਧਨ ਦੇ ਸੱਦੇ 'ਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ 5-7 ਜਨਵਰੀ 2021 ਤੋਂ ਸ੍ਰੀ ਲੰਕਾ ਦੀ ਅਧਿਕਾਰਕ ਫੇਰੀ ਪਾਉਣਗੇ। ਉਹ ਆਪਣੇ ਹਮਰੁਤਬਾ ਅਤੇ ਸ੍ਰੀ ਲੰਕਾਈ ਆਗੂਆਂ ਨਾਲ ਸਮੁੱਚੇ ਦੁਵੱਲੇ ਸਬੰਧਾਂ ਬਾਰੇ ਗੱਲਬਾਤ ਕਰਨਗੇ।

2. ਇਹ ਫੇਰੀ 2021 ਵਿੱਚ ਵਿਦੇਸ਼ ਮੰਤਰੀ ਦੀ ਪਹਿਲੀ ਵਿਦੇਸ਼ੀ ਫੇਰੀ ਹੋਵੇਗੀ, ਅਤੇ ਨਵੇਂ ਸਾਲ ਵਿੱਚ ਵੀ ਕਿਸੇ ਵਿਦੇਸ਼ੀ ਪਤਵੰਤੇ ਸੱਜਣ ਵੱਲੋਂ ਸ੍ਰੀ ਲੰਕਾ ਦੀ ਪਹਿਲੀ ਫੇਰੀ ਹੋਵੇਗੀ। ਇਸ ਤਰਾਂ ਇਸ ਫੇਰੀ ਨਾਲ ਦੋਵੇਂ ਦੇਸ਼ਾਂ ਦੁਆਰਾ ਆਪਸੀ ਹਿਤ ਦੇ ਸਾਰੇ ਖੇਤਰਾਂ ਅੰਦਰ ਨੇੜਲੇ ਅਤੇ ਸਦਭਾਵਨਾਤਮਕ ਸਬੰਧਾਂ ਨੂੰ ਮਜ਼ਬੂਤ ਕਰਨ ਨੂੰ ਦਿੱਤੇ ਜਾਣ ਵਾਲੀ ਮਹੱਤਤਾ ਦਾ ਪਤਾ ਲਗਦਾ ਹੈ।

ਨਵੀਂ ਦਿੱਲੀ

4 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.